# ਸਕੂਲਾਂ ਲਈ COVID ਦੇ ਹੁਸ਼ਿਆਰੀ ਵਾਲੇ ਉਪਾਅ

## ਪਰਿਵਾਰਾਂ ਲਈ ਜਾਣਕਾਰੀ

ਅਸੀਂ ਜਾਣਦੇ ਹਾਂ ਕਿ ਕਲਾਸਰੂਮ ਵਿੱਚ ਇਕੱਠੇ ਹੋਣਾ ਸਾਡੇ ਵਿਦਿਆਰਥੀਆਂ ਦੇ ਸਿੱਖਣ, ਵਿਕਾਸ ਅਤੇ ਭਲਾਈ ਲਈ ਸਭ ਤੋਂ ਵਧੀਆ ਗਲ ਹੈ। ਇਸ ਟਰਮ ਨੂੰ ਅਸੀਂ ਆਪਣੇ ਵਿਦਿਆਰਥੀਆਂ ਦੀ ਤੰਦਰੁਸਤੀ ਅਤੇ ਇਕਸਾਰ ਅਤੇ ਲਾਭਦਾਇਕ ਸਿੱਖਣ ਦੇ ਮਹੌਲ ਦੋਵਾਂ ਨੂੰ ਤਰਜੀਹ ਦੇਣ ਲਈ ਕਈ ਉਪਾਵਾਂ ਨੂੰ ਲਾਗੂ ਕਰਨਾ ਜਾਰੀ ਰੱਖਾਂਗੇ।

### ਜੇ ਬਿਮਾਰ ਹੋ ਤਾਂ ਘਰ ਰਹੋ

- ਜੇਕਰ ਤੁਹਾਡਾ ਬੱਚਾ ਬਿਮਾਰ ਹੈ, ਤਾਂ ਤੁਹਾਨੂੰ ਉਨ੍ਹਾਂ ਨੂੰ ਘਰ ਵਿੱਚ ਰੱਖਣਾ ਚਾਹੀਦਾ ਹੈ। ਜੇਕਰ ਉਹ COVID-19 ਦੇ ਹਲਕੇ ਲੱਛਣ ਵੀ ਦਿਖਾ ਰਹੇ ਹਨ, ਤਾਂ ਉਨ੍ਹਾਂ ਨੂੰ COVID ਟੈਸਟ ਕਰਵਾਉਣਾ ਚਾਹੀਦਾ ਹੈ ਅਤੇ ਅਲੱਗ ਰਹਿਣਾ ਚਾਹੀਦਾ ਹੈ।
- ਤੁਹਾਡੇ ਬੱਚੇ ਨੂੰ ਸਿਰਫ ਉਦੋਂ ਹੀ ਸਕੂਲ ਜਾਣਾ ਚਾਹੀਦਾ ਹੈ ਜਦੋਂ ਉਹਨਾਂ ਦਾ ਟੈਸਟ ਨਕਾਰਾਤਮਕ ਹੋਵੇ ਅਤੇ ਉਹ ਲੱਛਣਾ ਤੋਂ ਮੁਕਤ ਹੋਣ।
- ਜੇਕਰ ਤੁਹਾਡਾ ਬੱਚਾ COVID-19 ਲਈ ਸਕਾਰਾਤਮਕ ਟੈਸਟ ਕਰਦਾ ਹੈ, ਤਾਂ ਉਸ ਦਾ ਸਕਾਰਾਤਮਕ ਨਤੀਜਾ ਸਰਵਿਸ ਨੀਊ ਸਾਊਥ ਵੇਲਜ਼ (Service NSW) ਨਾਲ ਰਜਿਸਟਰ ਕਰੋ, 7 ਦਿਨਾਂ ਲਈ ਅਲੱਗ ਰੱਖੋ ਅਤੇ NSW ਸਿਹਤ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

### ਟੀਕੇ

- COVID-19 ਅਤੇ ਫਲੂ ਲਈ ਟੀਕੇ ਆਪਣੇ ਆਪ, ਤੁਹਾਡੇ ਪਰਿਵਾਰ ਅਤੇ ਭਾਈਚਾਰੇ ਦੀ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਟੀਕਾਕਰਣ ਤੁਹਾਡੇ ਇੰਮਯੂਨ ਸਿਸਟਮ ਨੂੰ ਵਾਇਰਲ ਬਿਮਾਰੀਆਂ ਦੇ ਵਿਰੁਧ ਮਦਦ ਕਰਨ ਦਾ ਇੱਕ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ।
- ਮੁੱਖ ਧਾਰਾ ਦੇ ਸਕੂਲ ਸੈਟਿੰਗਾਂ ਵਿੱਚ ਸਾਰੇ ਯੋਗ ਸਟਾਫ ਅਤੇ ਵਿਦਿਆਰਥੀਆਂ ਨੂੰ ਆਪਣੀ ਸਿਹਤ ਦੀ ਰੱਖਿਆ ਲਈ ਆਪਣੇ ਟੀਕਿਆਂ ਨਾਲ ਅੱਪ ਟੂ ਡੇਟ ਰੱਖਣ ਲਈ ਜ਼ੋਰਦਾਰ ਉਤਸ਼ਾਹਿਤ ਕੀਤਾ ਜਾਂਦਾ ਹੈ। ਸਕੂਲਾਂ ਵਿੱਚ ਖਾਸ ਉਦੇਸ਼ਾਂ ਲਈ ਕੰਮ ਕਰ ਰਹੇ ਸਾਰੇ ਸਟਾਫ ਨੂੰ ਸਾਡੇ ਵਿਦਿਆਰਥੀਆਂ ਜਿਨਾਂ ਨੂੰ COVID-19 ਦੇ ਸੰਪਰਕ ਵਿੱਚ ਆਉਣ ਕਾਰਨ ਗੰਭੀਰ ਬਿਮਾਰੀ ਦੇ ਵਧੇਰੇ ਜੋਖਮ ਹੁੰਦੇ ਹਨ ਦੀ ਸੁਰੱਖਿਆ ਲਈ COVID-19 ਵਿਰੁਧ ਦੋ ਟੀਕਾਕਰਣ ਕਰਨ ਦੀ ਲੋੜ ਹੁੰਦੀ ਹੈ।

### ਨੇੜਲੇ (ਨਜ਼ਦੀਕੀ) ਸੰਪਰਕ

- ਨਜ਼ਦੀਕੀ ਸੰਪਰਕਾਂ ਵਜੋਂ ਪਛਾਣੇ ਗਏ ਵਿਦਿਆਰਥੀ ਸਕੂਲ ਵਿੱਚ ਜਾ ਸਕਦੇ ਹਨ ਬਸ਼ਰਤੇ ਸਕੂਲ ਨੂੰ ਸੂਚਿਤ ਕੀਤਾ ਜਾਂਦਾ ਹੈ ਅਤੇ ਉਹਨਾਂ ਦਾ 5 ਸਕੂਲੀ ਦਿਨਾਂ ਲਈ ਸਕੂਲ ਜਾਣ ਤੋਂ ਪਹਿਲਾਂ ਹਰ ਸਵੇਰੇ COVID-19 ਟੈਸਟ ਦਾ ਇੱਕ ਨਕਾਰਾਤਮਕ ਨਤੀਜਾ ਆਉਂਦਾ ਹੈ।
- ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਖਾਣਾ ਖਾਣ ਜਾਂ ਕਸਰਤ ਕਰਨ ਤੋਂ ਇਲਾਵਾ ਅੰਦਰਵਾਰ ਮਾਸਕ ਪਹਿਨਣਾ ਚਾਹੀਦਾ ਹੈ। ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਖਾਣਾ ਖਾਣ ਜਾਂ ਕਸਰਤ ਕਰਨ ਤੋਂ ਇਲਾਵਾ ਅੰਦਰਵਾਰ ਮਾਸਕ ਪਹਿਨਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।
- ਨਜ਼ਦੀਕੀ ਸੰਪਰਕਾਂ ਵਜੋਂ ਪਹਿਚਾਣੇ ਗਏ ਕਿਸੇ ਵੀ ਵਿਦਿਆਰਥੀ ਨੂੰ ਉੱਚ ਜੋਖਮ ਵਾਲੀਆਂ ਸੈਟਿੰਗਾਂ ਜਿਵੇਂ ਕਿ ਰਾਤ ਦੇ ਸੈਰ ਸਪਾਟੇ ਜਾਂ ਸਕੂਲ ਦੇ ਕੈਂਪਾਂ ਵਿੱਚ ਸ਼ਾਮਲ ਹੋਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।
- ਖਾਸ ਉਦੇਸ਼ਾਂ ਅਤੇ ਸਹਾਇਤਾ ਯੂਨਿਟਾਂ ਲਈ ਸਕੂਲਾਂ ਵਿੱਚ ਵਿਦਿਆਰਥੀ ਜੋ ਨਜ਼ਦੀਕੀ ਸੰਪਰਕ ਵਜੋਂ ਜਾਣੇ ਜਾਂਦੇ ਕਰਕੇ ਸਕੂਲ ਨਹੀਂ ਜਾ ਸਕਦੇ ਅਤੇ ਉਹਨਾਂ ਨੂੰ ਉਨ੍ਹਾਂ ਦੇ ਸਵੈ- ਅਲੱਗ ਹੋਣ ਦੌਰਾਨ ਦੂਰ (remotely) ਤੋਂ ਹੀ ਸਿੱਖਿਆ ਪ੍ਰਾਪਤ ਕਰਨ ਲਈ ਉਨ੍ਹਾਂ ਦਾ ਸਮਰਥਨ ਕੀਤਾ ਜਾਵੇਗਾ।



NSW GOVERNMENT

## ਰੈਪਿਡ ਐਂਟੀਜਨ ਟੈਸਟਿੰਗ

- ਰੈਪਿਡ ਐਂਟੀਜਨ ਟੈਸਟਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਜੇਕਰ ਤੁਹਾਡਾ ਬੱਚਾ COVID-19 ਦੇ ਹਲਕੇ ਲੱਛਣ ਵੀ ਦਿਖਾ ਰਿਹਾ ਹੋਵੇ ਜਾਂ ਜੇਕਰ ਉਹ ਰੋਜ਼ਾਨਾ ਨਜ਼ਦੀਕੀ ਸੰਪਰਕ ਵਜੋਂ ਸਕੂਲ ਜਾ ਰਿਹਾ ਹੋਵੇ।
- ਜੇਕਰ ਤੁਹਾਡੇ ਬੱਚੇ ਦਾ COVID-19 ਟੈਸਟ ਸਕਾਰਾਤਮਕ ਹੁੰਦਾ ਹੈ, ਤਾਂ ਉਹਨਾਂ ਨੂੰ ਉਦੋਂ ਤੱਕ ਸਕੂਲ ਨਹੀਂ ਜਾਣਾ ਚਾਹੀਦਾ ਜਦੋਂ ਤੱਕ ਉਹਨਾਂ ਦੀ ਅਲੱਗਤਾ (isolation) ਦੀ ਮਿਆਦ ਪੂਰੀ ਨਹੀਂ ਹੋ ਜਾਂਦੀ ਅਤੇ ਉਹ ਲੱਛਣ ਮੁਕਤ ਨਹੀਂ ਹੁੰਦੇ। ਸਕਾਰਾਤਮਕ ਰੈਪਿਡ ਐਂਟੀਜਨ ਟੈਸਟ ਦੇ ਨਤੀਜੇ ਸਰਵਿੱਸ NSW (Service NSW) ਨਾਲ ਰਜਿਸਟਰ ਕੀਤੇ ਜਾਣੇ ਚਾਹੀਦੇ ਹਨ।
- ਜੇਕਰ ਤੁਹਾਡਾ ਬੱਚਾ ਨਕਾਰਾਤਮਕ ਟੈਸਟ ਕਰਦਾ ਹੈ ਪਰ ਫਿਰ ਵੀ ਲੱਛਣ ਦਿਖਾ ਰਿਹਾ ਹੈ ਤਾਂ ਉਸ ਨੂੰ ਲੱਛਣਾਂ ਤੋਂ ਮੁਕਤ ਹੋਣ ਤੱਕ ਸਕੂਲ ਨਹੀਂ ਜਾਣਾ ਚਾਹੀਦਾ।
- ਸਕੂਲ ਦੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਦੁਆਰਾ ਟਰਮ ਦੇ ਸ਼ੁਰੂ ਹੋਣ ਸਮੇਂ 5 ਰੈਪਿਡ ਐਂਟੀਜਨ ਟੈਸਟ ਕਿਟਾਂ ਦਾ 1 ਮਲਟੀਪੈਕ ਪ੍ਰਦਾਨ ਕੀਤਾ ਜਾਵੇਗਾ। ਟਰਮ 3 ਦੇ ਸ਼ੁਰੂ ਹੋਣ ਸਮੇਂ ਵਿਸ਼ੇਸ਼ ਉਦੇਸ਼ਾਂ ਅਤੇ ਸਹਾਇਤਾ ਵਾਲੇ ਸਕੂਲਾਂ ਦੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਵਲੋਂ 5 ਰੈਪਿਡ ਐਂਟੀਜਨ ਟੈਸਟ ਕਿੱਟਾਂ ਦੇ 2 ਮਲਟੀਪੈਕ ਪ੍ਰਦਾਨ ਕੀਤੇ ਜਾਣਗੇ।
- ਸਕੂਲ ਫੈਲਣ ਦੀ ਸਥਿਤੀ ਉਪਰ ਨਿਗਰਾਨੀ ਰੱਖਣਗੇ ਅਤੇ ਸਕੂਲ ਵਿੱਚ ਰੈਪਿਡ ਐਂਟੀਜਨ ਟੈਸਟਿੰਗ ਕਿੱਟਾਂ ਦਾ ਇੱਕ ਰਿਜ਼ਰਵ ਕਾਇਮ ਰੱਖਣਗੇ।

## ਸਵਾਸਥ (ਹਾਈਜੀਨ) ਅਤੇ ਸਫਾਈ

- ਵਿਦਿਆਰਥੀਆਂ ਨੂੰ ਨਿਯਮਤ ਤੌਰ ‘ਤੇ ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਧੋਣ ਅਤੇ ਲੋੜ ਅਨੁਸਾਰ ਨਿੱਜੀ ਸੁਰੱਖਿਆ ਉਪਕਰਣਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- ਸਕੂਲਾਂ ਦੀ ਦਿਨ-ਰਾਤ ਵਧੀ ਹੋਈ ਸਫਾਈ ਪੌੜੀਆਂ ਅਤੇ ਬਹੁਤ ਜ਼ਿਆਦਾ ਆਵਾ ਜਾਈ ਵਾਲੇ ਖੇਤਰਾਂ ਵੱਲ ਆਪਣਾ ਧਿਆਨ ਕੇਂਦ੍ਰਿਤ ਕਰਨਗੇ ਜਿਵੇਂ ਕਿ ਦਰਵਾਜ਼ਿਆਂ ਦੇ ਹੈਂਡਲ, ਲਾਕਰਾਂ, ਬੱਤੀਆਂ ਦੀਆਂ ਸਵਿਚਾਂ ਅਤੇ ਪੌੜੀਆਂ ਉਪਰਲੀਆਂ ਹੈਂਡ ਰੇਲਾਂ ਅਤੇ ਹੋਰ ਆਵਾ-ਜਾਈ ਦੇ ਖੇਤਰਾਂ ਵੱਲ।

## ਹਵਾਦਾਰੀ

- ਤਾਜ਼ੀ ਹਵਾ ਪ੍ਰਸਾਰਣ ਦੇ ਜੋਖਮ ਨੂੰ ਘੱਟ ਕਰਨ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।
- ਠੰਡ ਦੇ ਮਹੀਨਿਆਂ ਦੌਰਾਨ, ਹੀਟਿੰਗ ਦੀ ਵਰਤੋਂ ਥਰਮਲ ਅਰਾਮ ਨੂੰ ਸੰਤੁਲਿਤ ਕਰਨ ਲਈ ਹਵਾਦਾਰੀ ਦੇ ਤਰੀਕਿਆਂ ਨਾਲ ਜੋੜ ਕੇ ਕੀਤੀ ਜਾਵੇਗੀ।
- ਪਬਲਿਕ ਸਕੂਲਾਂ ਵਿੱਚ ਸਾਰੀਆਂ ਸਿੱਖਣ ਵਾਲੀਆਂ ਥਾਵਾਂ ਦੀ ਜਾਂਚ ਕੀਤੀ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਵਾਦਾਰੀ ਦੇ ਉਚਿਤ ਪੱਧਰ ਅਤੇ ਜਿਥੇ ਲੋੜ ਹੋਵੇ ਏਅਰ ਪੀਉਰੀਫਾਇਰ ਮੁਹੱਈਆਂ ਕਰਵਾਏ ਗਏ ਹੋਣ ਜਿਥੇ ਜਿਥੇ ਉਨ੍ਹਾਂ ਦੀ ਲੋੜ ਹੋਵੇ।
- ਜਿੱਥੇ ਵੀ ਸੰਭਵ ਹੋਵੇ ਬਾਹਰਲੀਆਂ ਥਾਂਵਾਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਣਾ ਜਾਰੀ ਰੱਖਿਆ ਜਾਵੇਗਾ।

## ਨਕਾਬ (ਮਾਸਕ)

- ਮੁੱਖ ਧਾਰਾ ਦੇ ਸਕੂਲਾਂ ਦੀਆਂ ਸੈਟਿੰਗਾਂ ਵਿੱਚ, ਖਾਸ ਤੌਰ ‘ਤੇ ਅੰਦਰੂਨੀ ਥਾਂਵਾਂ ਅਤੇ ਹੋਰ ਸਥਿਤੀਆਂ ਵਿੱਚ ਜਿੱਥੇ ਹਵਾਦਾਰੀ ਅਤੇ ਦੂਰੀ (distancing) ਸੰਭਵ ਨਹੀਂ ਹੋ ਸਕਦੀ, ਜਿਥੇ ਵੀ ਸੰਭਵ ਹੋਵੇ, ਮਾਸਕ ਪਹਿਨਣ ਨੂੰ ਜ਼ੋਰਦਾਰ ਢੰਗ ਸਾਹਿਤ ਉਤਸ਼ਾਹਿਤ ਕੀਤਾ ਜਾਂਦਾ ਹੈ।
- ਗੰਭੀਰ ਬਿਮਾਰੀ ਦੇ ਵਧੇਰੇ ਜੋਖਮ ਵਾਲੇ ਵਿਦਿਆਰਥੀਆਂ ਨਾਲ ਕੰਮ ਕਰਨ ਵਾਲੇ ਸਾਰੇ ਸਕੂਲ ਕਰਮਚਾਰੀਆਂ ਲਈ ਮਾਸਕ ਦੀ ਲੋੜ ਹੁੰਦੀ ਹੈ ਜੇਕਰ ਉਹ COVID-19 ਦਾ ਸੰਕਰਮਣ ਕਰਦੇ ਹਨ।
- ਵਿਜ਼ਟਰਾਂ ਨੂੰ ਜ਼ੋਰਦਾਰ ਢੰਗ ਨਾਲ ਮਾਸਕ ਪਹਿਨਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਖਾਸ ਤੌਰ ‘ਤੇ ਜਦੋਂ ਉਹ ਵਿਦਿਆਰਥੀਆਂ ਨਾਲ ਸਿੱਧੇ ਤੌਰ ‘ਤੇ ਗੱਲਬਾਤ ਕਰ ਰਹੇ ਹੁੰਦੇ ਹਨ, ਅਤੇ ਓਹਨਾਂ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਸਮੇਂ ਜਿਨ੍ਹਾਂ ਨੂੰ COVID-19 ਦੀ ਗੰਭੀਰ ਬਿਮਾਰੀ ਤੋਂ ਪੀੜਤ ਹੋਣ ਦਾ ਵਧੇਰੇ ਖਤਰਾ ਹੁੰਦਾ ਹੈ।
- ਯੀਅਰ 7 ਅਤੇ ਇਸ ਤੋਂ ਉੱਪਰ ਦੇ ਵਿਦਿਆਰਥੀਆਂ ਦੇ ਨਜ਼ਦੀਕੀ ਸੰਪਰਕ ਵਜੋਂ ਸਕੂਲ ਜਾਣ ਵਾਲੇ ਵਿਦਿਆਰਥੀਆਂ ਨੂੰ ਘਰ ਦੇ ਅੰਦਰ ਵੀ ਮਾਸਕ ਪਾਉਣ ਲਈ ਜ਼ੋਰਦਾਰ ਤੌਰ ‘ਤੇ ਉਤਸ਼ਾਹਿਤ ਕੀਤਾ ਜਾਂਦਾ ਹੈ।
- COVID-19 ਤੋਂ ਠੀਕ ਹੋਣ ਤੋਂ ਬਾਅਦ ਵੀ 3 ਦਿਨਾਂ ਲਈ ਸਾਰੇ ਵਿਦਿਆਰਥੀਆਂ ਨੂੰ ਮਾਸਕ ਪਹਿਨਣ ਲਈ ਜ਼ੋਰਦਾਰ ਤੌਰ ‘ਤੇ ਉਤਸ਼ਾਹਿਤ ਕੀਤਾ ਜਾਂਦਾ ਹੈ।

## ਪਰਾਹੁਣੇ (ਵਿਜਟਰ)

- ਵਿਜ਼ਟਰ ਆਪਣੀ ਟੀਕਾਕਰਣ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਮੁੱਖ ਧਾਰਾ ਦੀਆਂ ਸਕੂਲ ਸਾਈਟਾਂ ‘ਤੇ ਜਾ ਸਕਦੇ ਹਨ।
- ਸਾਰੇ ਵਿਜ਼ਟਰਾਂ ਨੂੰ ਮਾਸਕ ਪਹਿਨਣ ਲਈ ਜ਼ੋਰਦਾਰ ਤੌਰ ‘ਤੇ ਉਤਸ਼ਾਹਿਤ ਕੀਤਾ ਜਾਂਦਾ ਹੈ, ਖਾਸ ਤੌਰ ‘ਤੇ ਜਦੋਂ ਉਹਨਾਂ ਲਈ ਘਰ ਦੇ ਅੰਦਰ ਜਾਂ ਜਦੋਂ ਦੂਰੀ (distancing) ਸੰਭਵ ਨਾ ਹੋ ਸਕੇ, ਅਤੇ ਜਦੋਂ ਉਹ ਵਿਦਿਆਰਥੀਆਂ ਨਾਲ ਸਿੱਧੇ ਤੌਰ ‘ਤੇ ਗੱਲਬਾਤ ਕਰਦੇ ਹੋਣ।
- ਖਾਸ ਉਦੇਸ਼ਾਂ ਅਤੇ ਸਹਾਇਤਾ ਯੂਨਿਟਾਂ ਲਈ ਸਕੂਲ ਦੇ ਵਿਜ਼ਿਟਰਾਂ ਅਤੇ ਵਾਲੰਟੀਅਰ ਕਾਮਿਆਂ ਨੂੰ ਮਾਸਕ ਪਹਿਨਣਾ ਚਾਹੀਦਾ ਹੈ ਜੇਕਰ ਉਹ ਵਿਦਿਆਰਥੀਆਂ ਨਾਲ ਸਿੱਧੀ ਗੱਲਬਾਤ ਕਰ ਰਹੇ ਹੋਣ।
- ਵਿਜ਼ਿਟਰ ਜੋ ਨਜ਼ਦੀਕੀ ਸੰਪਰਕ ਵਜੋਂ ਸਕੂਲ ਜਾਂਦੇ ਹਨ, ਨੂੰ ਸਕੂਲ ਨੂੰ ਸੂਚਿਤ ਕਰਨ ਦੀ ਲੋੜ ਹੈ ਅਤੇ ਕੁਝ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਵੀ ਲੋੜ ਹੁੰਦੀ ਹੈ, ਜਿਸ ਵਿੱਚ ਅੰਦਰਵਾਰ ਹੋਣ ਸਮੇਂ ਮਾਸਕ ਪਹਿਨਣਾ ਸ਼ਾਮਲ ਹੈ। ਨਜ਼ਦੀਕੀ ਸੰਪਰਕ ਵਾਲੇ ਵਿਜ਼ਿਟਰ ਖਾਸ ਉਦੇਸ਼ਾਂ ਵਾਲੇ ਸਕੂਲਾਂ ਵਿੱਚ ਨਹੀਂ ਜਾ ਸਕਦੇ।

## ਗਤੀਵਿਧੀਆਂ

- ਸਿਹਤ ਅਤੇ ਸੁਰੱਖਿਆ ਖਤਰੇ ਦੇ ਮੁਲਾਂਕਣਾਂ ਨੂੰ ਸੈਰ-ਸਪਾਟੇ ਅਤੇ ਰਾਤ ਭਰ ਦੇ ਕੈਂਪਾਂ ਸਮੇਤ ਯੋਜਨਾ ਦੀਆਂ ਗਤੀਵਿਧੀਆਂ ਵਿੱਚ ਜੋੜਿਆ ਜਾਵੇਗਾ।
- ਮਾਤਾ ਪਿਤਾ ਅਤੇ ਸੰਭਾਲਕਾਂ ਨੂੰ ਅਕਸਪੋਜ਼ਰ (ਪਾਜ ਉਘਾੜਨ) ਦੇ ਜੋਖਮ ਤੋਂ ਜਾਣੂ ਕਰਵਾਇਆ ਜਾਵੇਗਾ ਅਤੇ ਉਹਨਾਂ ਨੂੰ ਕੁਝ ਗਤੀਵਿਧੀਆਂ ਲਈ ਇਜਾਜ਼ਤ ਦੇਣ ਦੀ ਲੋੜ ਹੋਵੇਗੀ।

## ਸਥਾਨਕ ਸਥਿਤੀਆਂ ਦਾ ਜਵਾਬ ਦੇਣਾ

- ਸਕੂਲ ਵਿਭਾਗ ਦੀ ਸਿਹਤ, ਸੁਰੱਖਿਆ ਅਤੇ ਕਰਮਚਾਰੀਆਂ ਦੀ ਵੈਲਬੀਇੰਗ ਕੇਸ ਪ੍ਰਬੰਧਨ ਟੀਮ ਨਾਲ ਸਥਾਨਕ ਸਥਿਤੀਆਂ, ਜਿਸ ਵਿੱਚ ਵਾਇਰਲ ਬਿਮਾਰੀ ਦੇ ਪ੍ਰਕੋਪ ਵੀ ਸ਼ਾਮਲ ਹਨ, ਲਈ ਉਚਿਤ ਜਵਾਬ ਦੇਣ ਲਈ ਕੰਮ ਕਰਨਗੇ।
- ਕੁਝ ਮਾਮਲਿਆ ਵਿੱਚ, ਸਕੂਲ ਲਾਗ ਦੀ ਲੜੀ ਨੂੰ ਰੋਕਣ ਵਿੱਚ ਮਦਦ ਲਈ ਅਸਥਾਈ ਤੌਰ ‘ਤੇ ਸੀਮਤ ਸਮੇਂ ਲਈ ਵਾਧੂ ਉਪਾਅ ਪੇਸ਼ ਕਰ ਸਕਦੇ ਹਨ, ਜਿਸ ਵਿੱਚ ਮਾਸਕ ਪਹਿਨਣ ਦੀ ਲੋੜ, ਗੈਰ-ਜ਼ਰੂਰੀ ਗਤੀਵਿਧੀਆਂ ਨੂੰ ਮੁਲਤਵੀ ਕਰਨਾ ਜਾਂ ਸੀਮਤ ਕਰਨਾ ਅਤੇ ਕੁਝ ਸਮੂਹਾਂ ਨੂੰ ਦੂਰ (remotely) ਤੋਂ ਸਿੱਖਣ ਲਈ ਨਿਰਦੇਸ਼ ਦੇਣਾ ਸ਼ਾਮਲ ਹਨ।

## ਦੂਰੋਂ ਸਿੱਖਿਆ ਪ੍ਰਾਪਤ ਕਰਨੀ (Learning remotely)

- ਵਿਭਾਗ ਉਹਨਾਂ ਵਿਦਿਆਰਥੀਆਂ ਦੀ ਸਹਾਇਤਾ ਲਈ ਡਿਜੀਟਲ ਸਿੱਖਿਆ ਦੇ ਸਰੋਤਾਂ ਨੂੰ ਵਿਕਸਤ ਕਰਨਾ ਜਾਰੀ ਰੱਖਦਾ ਹੈ ਜਿਨ੍ਹਾਂ ਨੂੰ ਦੂਰੋਂ ਸਿੱਖਣ ਦੀ ਜ਼ਰੂਰਤ ਹੁੰਦੀ ਹੈ।

**ਵਧੇਰੇ ਜਾਣਕਾਰੀ ਲਈ ਇਥੇ ਜਾਓ** education.nsw.gov.au/covid-19/advice-for-families

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇਕਰ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਕਿਰਪਾ ਕਰਕੇ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਨੂੰ ਫੋਨ ਕਰੋ। ਜੇਕਰ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਮਦਦ ਕਰਨ ਲਈ ਕਿਸੇ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ 131 450 ‘ਤੇ ਟੈਲੀਫੋਨ ਦੁਭਾਸ਼ਿਆਈ ਸੇਵਾ ਨੂੰ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਨੂੰ ਉਹ ਫੋਨ ਨੰਬਰ ਦਿਓ ਜਿਸ ‘ਤੇ ਤੁਸੀਂ ਫੋਨ ਕਰਨਾ ਚਾਹੁੰਦੇ ਹੋ, ਅਤੇ ਅਪਰੇਟਰ ਤੁਹਾਡੀ ਮਦਦ ਲਈ ਲਾਈਨ ‘ਤੇ ਇੱਕ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਲਈ ਤੁਹਾਡੇ ਕੋਲੋਂ ਕੋਈ ਵੀ ਕਰਚਾ ਨਹੀਂ ਲਿਆ ਜਾਵੇਗਾ।

NSW ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਵਿਦਿਆਰਥੀਆਂ ਅਤੇ ਸਕੂਲ ਦੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਤਰਜੀਹ ਦਿੰਦੇ ਹੋਏ ਸਕੂਲ ਦਾ ਸੰਚਾਲਨ ਜਾਰੀ ਰਹੇ।